Alberta Government

**News** release

# ਅਲਬਰਟਾ ਵਿੱਚ ਵੈਕਸੀਨ ਅਤੇ ਕੋਵਿਡ-19 ਨਾਲ ਸਬੰਧਿਤ ਨਵੇਂ ਉਪਾਅ ਲਾਗੂ

ਸਤੰਬਰ 15, 2021 Media inquiries

---

ਅਲਬਰਟਾ ਨੇ ਜਨਤਕ ਸਿਹਤ ਐਮਰਜੈਂਸੀ ਦੀ ਸਥਿਤੀ ਘੋਸ਼ਿਤ ਕੀਤੀ ਹੈ। ਇਸ ਵਿੱਚ ਹਸਪਤਾਲ ਸਮਰੱਥਾ ਵਧਾਉਣ, ਵੱਧ ਟੀਕਾਕਰਨ ਅਤੇ ਕੋਵਿਡ-19 ਦੇ ਫੈਲਾਅ ਨੂੰ ਘਟਾਉਣ ਲਈ ਨਵੇਂ ਸਿਹਤ ਉਪਾਅ ਲਾਗੂ ਹੋਣਗੇ।

ਕੋਵਿਡ-19 ਦੇ ਫੈਲਣ ਨੂੰ ਹੌਲੀ ਕਰਨ ਵਿੱਚ ਸਹਾਇਤਾ ਲਈ ਨਵੇਂ ਅਸਥਾਈ ਸਿਹਤ ਉਪਾਅ ਸੂਬੇ ਭਰ ਵਿੱਚ ਲਾਗੂ ਹੋਣਗੇ। ਇਸ ਵਿੱਚ ਰੈਸਟੋਰੈਂਟਾਂ, ਅੰਦਰੂਨੀ ਇਕੱਠਾਂ, ਵਿਆਹਾਂ ਅਤੇ ਅੰਤਿਮ ਸੰਸਕਾਰ, ਪ੍ਰਚੂਨ, ਮਨੋਰੰਜਨ ਸਥਾਨਾਂ ਅਤੇ ਅੰਦਰੂਨੀ ਖੇਡਾਂ ਅਤੇ ਫਿਟਨੈੱਸ ਖੇਤਰਾਂ ਵਿੱਚ 20 ਸਤੰਬਰ ਤੋਂ ਸ਼ੁਰੂ ਹੋਣ ਵਾਲੀਆਂ ਨਵੀਆਂ ਪਾਬੰਦੀਆਂ ਸ਼ਾਮਲ ਹਨ। ਸਾਰੇ ਅੰਦਰੂਨੀ ਜਨਤਕ ਸਥਾਨਾਂ ਵਿੱਚ ਮਾਸਕਿੰਗ ਅਤੇ ਸਰੀਰਕ ਦੂਰੀ 16 ਸਤੰਬਰ ਤੋਂ ਸ਼ੁਰੂ ਹੋ ਰਹੀ ਹੈ।

20 ਸਤੰਬਰ ਤੋਂ ਅਜਿਹੇ ਕਾਰੋਬਾਰ ਜਾਂ ਇਵੈਂਟ ਆਯੋਜਕ ਜੋ ਸਰਕਾਰ ਦੁਆਰਾ ਜਾਰੀ ਕੀਤੇ ਗਏ ਟੀਕੇ ਦੇ ਸਬੂਤ ਜਾਂ ਤਾਜਾ ਨਿਜੀ ਤੌਰ ਤੇ ਕਰਾਇਆ ਕੋਵਿਡ-19 ਦਾ ਨੈਗੇਟਿਵ ਟੈਸਟ ਰਿਪੋਰਟ ਨਾਲ ਗਾਹਕਾਂ ਦੀ ਜਾਂਚ ਪ੍ਰੋਗਰਾਮ ਨੂੰ ਲਾਗੂ ਕਰਨ ਦੀ ਚੋਣ ਕਰਦੇ ਹਨ ਤਾਂ ਉਹ ਪਾਬੰਦੀਆਂ ਤੋਂ ਛੋਟ ਪ੍ਰਾਪਤ ਕਰ ਸਕਣਗੇ। ਜੋ ਕਾਰੋਬਾਰ ਜਾਂ ਸੇਵਾ ਅਜਿਹਾ ਕਰਨ ਦੀ ਚੋਣ ਨਹੀਂ ਕਰਦਾ ਤਾਂ ਉਨ੍ਹਾਂ ਨੂੰ ਨਵੇਂ ਸਿਹਤ ਉਪਾਵਾਂ ਦੀ ਪਾਲਣਾ ਕਰਨ ਦੀ ਜ਼ਰੂਰਤ ਹੋਏਗੀ।

## ਸੂਬੇ ਭਰ ਵਿੱਚ ਜਨਤਕ ਸਿਹਤ ਦੇ ਨਵੇਂ ਉਪਾਅ

ਹੇਠਾਂ ਦਿੱਤੇ ਉਪਾਅ 16 ਸਤੰਬਰ ਤੋਂ ਸ਼ੁਰੂ ਹੋਣਗੇ:

### ਕੰਮ ਸਥਾਨ:

- ਲਾਜ਼ਮੀ ਵਰਕ ਫਰੋਮ ਹੋਮ ਉਪਾਅ ਲਾਗੂ ਹਨ ਜਦੋਂ ਤੱਕ ਮਾਲਕ ਨੂੰ ਕਰਮਚਾਰੀ ਦੀ ਕੰਮ ਸਥਾਨ ਤੇ ਲੋੜ ਨਾਂ ਹੋਵੇ।

### ਨਿੱਜੀ ਸਮਾਜਿਕ ਇਕੱਠ:

- ਵੈਕਸੀਨ-ਯੋਗ, ਪੂਰੀ ਤਰ੍ਹਾਂ ਵੈਕਸੀਨੇਟਿਡ ਵਿਅਕਤੀਆਂ ਲਈ ਅੰਦਰੂਨੀ ਨਿਜੀ ਇਕੱਠ ਇੱਕ ਹੀ ਪਰਿਵਾਰ ਦੇ ਨਾਲ-ਨਾਲ ਇੱਕ ਹੋਰ ਘਰ ਵਿੱਚ ਵੱਧ ਤੋਂ ਵੱਧ 10 ਲੋਕਾਂ ਤੱਕ ਸੀਮਿਤ ਹੈ ਪਰੰਤੂ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੇ ਕੋਈ ਪਾਬੰਦੀ ਨਹੀਂ ਹੈ।
- ਟੀਕੇ ਦੇ ਯੋਗ ਵਿਅਕਤੀਆਂ ਲਈ ਬਿਨਾਂ ਟੀਕਾਕਰਣ ਦੇ ਕਿਸੇ ਵੀ ਇਨਡੋਰ ਪ੍ਰਾਈਵੇਟ ਸਮਾਜਿਕ ਇਕੱਠ ਵਿੱਚ ਹਾਜ਼ਰੀ ਦੀ ਆਗਿਆ ਨਹੀਂ ਹੈ।
- ਬਾਹਰੀ ਪ੍ਰਾਈਵੇਟ ਸਮਾਜਿਕ ਇਕੱਠਾਂ ਵਿੱਚ ਦੋ ਮੀਟਰ ਸਰੀਰਕ ਦੂਰੀ ਨਾਲ ਵੱਧ ਤੋਂ ਵੱਧ 200 ਲੋਕਾਂ ਨੂੰ ਆਗਿਆ ਹੈ।

**ਧਾਰਮਿਕ ਸਥਾਨ:**

- ਧਾਰਮਿਕ ਸਥਾਨਾਂ ਵਿੱਚ ਹਾਜ਼ਰੀ ਨੂੰ ਇੱਕ ਤਿਹਾਈ ਫਾਇਰ ਕੋਡ ਸਮਰੱਥਾ ਤੱਕ ਸੀਮਤ ਕਰਨਾ ਚਾਹੀਦਾ ਹੈ।
- ਫੇਸ ਮਾਸਕ ਲਾਜ਼ਮੀ ਹੋਣਗੇ ਅਤੇ ਦੋ ਪਰਿਵਾਰਾਂ ਵਿਚ ਦੋ ਮੀਟਰ ਸਰੀਰਕ ਦੂਰੀ ਜਾਂ ਇਕੱਲੇ ਰਹਿਣ ਵਾਲਿਆਂ ਲਈ ਦੋ ਨਜ਼ਦੀਕੀ ਸੰਪਰਕ ਹੋਣੇ ਚਾਹੀਦੇ ਹਨ।

**ਬਾਹਰੀ ਇਵੈਂਟਸ ਅਤੇ ਸਹੂਲਤਾਂ ਜਿਨ੍ਹਾਂ ਦਾ ਕੋਈ ਅੰਦਰੂਨੀ ਹਿੱਸਾ ਨਹੀਂ ਹੈ (ਵਾਸ਼ਰੂਮ ਨੂੰ ਛੱਡ ਕੇ):**

- ਹਾਜ਼ਰੀ ਤੇ ਕੋਈ ਪਾਬੰਦੀ ਨਹੀਂ ਪਰੰਤੂ ਦੋ-ਮੀਟਰ ਸਰੀਰਕ ਦੂਰੀ ਜ਼ਰੂਰੀ ਹੋਣੀ ਚਾਹੀਦੀ ਹੈ।

**ਸਕੂਲ (ਕੇ-12):**

- ਗ੍ਰੇਡ 4 ਅਤੇ ਇਸ ਤੋਂ ਉੱਪਰ ਦੇ ਵਿਦਿਆਰਥੀਆਂ ਲਈ ਅਤੇ ਸਾਰੀਆਂ ਕਲਾਸਾਂ ਦੇ ਸਟਾਫ ਅਤੇ ਅਧਿਆਪਕਾਂ ਲਈ ਮਾਸਕਿੰਗ ਲਾਜ਼ਮੀ ਹੈ। ਜਿਹੜੇ ਸਕੂਲ ਬਦਲਵੀਂ ਕੋਵਿਡ ਸੁਰੱਖਿਆ ਯੋਜਨਾ ਨੂੰ ਲਾਗੂ ਕਰ ਸਕਦੇ ਹਨ ਉਨ੍ਹਾਂ ਨੂੰ ਲਾਜ਼ਮੀ ਮਾਸਕਿੰਗ ਤੋਂ ਛੋਟ ਦਿੱਤੀ ਜਾ ਸਕਦੀ ਹੈ।
- ਐਲੀਮੈਂਟਰੀ ਸਕੂਲ ਕਲਾਸ ਕੋਹੋਰਟਿੰਗ(ਗਰੁਪਿੰਗ) ਲਾਗੂ ਕਰਨਗੇ।
- ਸਕੂਲਾਂ ਵਿੱਚ ਸਰੀਰਕ ਗਤੀਵਿਧੀਆਂ(ਫਿਜੀਕਲ ਐਕਟਿਵੀਟੀ) ਲਈ:
  - 18 ਸਾਲ ਅਤੇ ਇਸਤੋਂ ਘੱਟ ਉਮਰ ਦੇ ਕਿਸ਼ੋਰਾਂ ਲਈ ਟੀਮ ਖੇਡਾਂ ਸਮੇ ਸਰੀਰਕ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਸਮੇ ਦੋ ਮੀਟਰ ਦੀ ਦੂਰੀ ਰੱਖਣ ਜਾਂ ਮਾਸਕ ਦੀ ਜ਼ਰੂਰਤ ਨਹੀਂ।
  - ਬਾਹਰੀ ਗਤੀਵਿਧੀਆਂ ਤੇ ਕੋਈ ਪਾਬੰਦੀ ਨਹੀਂ ਹੈ।
  - ਅੰਦਰੂਨੀ ਖੇਡਾਂ/ਪੇਸ਼ਕਾਰੀ/ਮਨੋਰੰਜਨ/ਵਿਸ਼ੇਸ਼ ਪ੍ਰਦਰਸ਼ਨ ਨੂੰ ਜਿੱਥੇ ਸੰਭਵ ਹੋਵੇ ਦੋ ਮੀਟਰ ਸਰੀਰਕ ਦੂਰੀ ਦੀਆਂ ਸ਼ਰਤਾਂ ਨਾਲ ਆਗਿਆ ਦਿੱਤੀ ਜਾਂਦੀ ਹੈ।

**ਬੱਚਿਆਂ ਦੀਆਂ ਖੇਡਾਂ/ਪ੍ਰਦਰਸ਼ਨ/ਮਨੋਰੰਜਨ (ਐਕਸਟਰਾ ਕਰੀਕੁਲਰ ਖੇਡਾਂ, ਪ੍ਰਫਾਰਮੈਂਸ, ਮਨੋਰੰਜਨ ਅਤੇ ਵਿਸ਼ੇਸ਼ ਪ੍ਰਦਰਸ਼ਨ)**

- ਸਰੀਰਕ ਦੂਰੀ ਅਤੇ ਜਿੱਥੇ ਸੰਭਵ ਹੋਵੇ ਮਾਸਕਿੰਗ ਨਾਲ ਅਤੇ ਭਾਗੀਦਾਰਾਂ ਦੇ ਲੱਛਣਾਂ ਦੀ ਜਾਂਚ ਨਾਲ ਅੰਦਰੂਨੀ ਗਤੀਵਿਧੀਆਂ ਦੀ ਇਜਾਜ਼ਤ ਹੈ।
- 18 ਸਾਲ ਅਤੇ ਇਸਤੋਂ ਘੱਟ ਉਮਰ ਦੇ ਕਿਸ਼ੋਰਾਂ ਟੀਮ ਖੇਡਾਂ ਸਮੇ ਸਰੀਰਕ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਵੇਲੇ ਦੋ ਮੀਟਰ ਦੀ ਦੂਰੀ ਰੱਖਣ ਜਾਂ ਮਾਸਕ ਦੀ ਜ਼ਰੂਰਤ ਨਹੀਂ।
- ਦਰਸ਼ਕਾਂ ਦੀ ਹਾਜ਼ਰੀ ਇੱਕ ਤਿਹਾਈ ਫਾਇਰ ਕੋਡ ਸਮਰੱਥਾ ਤੱਕ ਸੀਮਤ ਹੈ। ਸ਼ਮਲ ਲੋਕਾਂ ਲਈ ਮਾਸਕ ਜਰੂਰੀ ਹੈ ਅਤੇ ਵੱਖੋ ਵੱਖਰੇ ਘਰਾਂ ਜਾਂ ਇੱਕਲ਼ੇ ਰਹਿੰਦੇ ਵਿਅਕਤੀ ਅਤੇ ਉਨ੍ਹਾਂ ਦੇ ਦੋ ਨਜ਼ਦੀਕੀ ਸੰਪਰਕਾਂ ਵਿਚਕਾਰ ਸਰੀਰਕ ਦੂਰੀ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।
- ਬਾਹਰੀ ਗਤੀਵਿਧੀਆਂ ਤੇ ਕੋਈ ਪਾਬੰਦੀ ਨਹੀਂ ਹੈ।

**ਬੱਚਿਆਂ ਦੀਆਂ ਗਤੀਵਿਧੀਆਂ:**

- ਬੱਚਿਆਂ ਦੇ ਡੇ- ਕੈਂਪਾਂ ਵਿੱਚ ਭਾਗੀਦਾਰਾਂ ਵਿੱਚ ਦੋ ਮੀਟਰ ਦੀ ਸਰੀਰਕ ਦੂਰੀ ਅਤੇ ਅੰਦਰ ਮਾਸਕ ਜਰੂਰੀ ਹੈ।
- ਬੱਚਿਆਂ ਦੇ ਰਾਤਰੀ ਕੈਂਪਾਂ ਨੂੰ ਕੋਹਰਟਿੰਗ ਮਾਡਲਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

**ਹੇਠਾਂ ਦਿੱਤੇ ਉਪਾਅ 20 ਸਤੰਬਰ ਨੂੰ ਪ੍ਰਭਾਵੀ ਹੋਣਗੇ:**

**ਰੈਸਟੋਰੈਂਟ:**

- ਬਾਹਰ ਬੈਠ ਕੇ ਖਾਣ ਸਮੇ ਹਰੇਕ ਟੇਬਲ ਤੇ ਵੱਧ ਤੋਂ ਵੱਧ ਛੇ ਵਿਅਕਤੀਆਂ ਦੇ ਨਾਲ (ਇੱਕ ਘਰ ਜਾਂ ਇਕੱਲੇ ਰਹਿਣ ਵਾਲਿਆਂ ਦੇ ਦੋ ਨਜ਼ਦੀਕੀ ਸੰਪਰਕ)ਹੋ ਸਕਦੇ ਹਨ।
- ਸ਼ਰਾਬ ਦੀ ਵਿਕਰੀ ਅਤੇ ਪੀਣ ਤੇ ਪਾਬੰਦੀਆਂ (10 ਵਜੇ ਤੱਕ ਵਿਕਰੀ ਅਤੇ 11 ਵਜੇ ਤੱਕ ਖਪਤ) ਉਸੇ ਤਰਾਂ ਲਾਗੂ ਹਨ।
- ਰੈਸਟੋਰੈਂਟ, ਪਾਬੰਦੀਆਂ ਤੋਂ ਛੋਟ ਪ੍ਰੋਗਰਾਮ ਨੂੰ ਲਾਗੂ ਕਰਨ ਦੇ ਯੋਗ ਹਨ।

## ਵਿਆਹ ਅਤੇ ਸੰਸਕਾਰ:

- ਸਾਰੇ ਅੰਦਰੂਨੀ ਸਮਾਰੋਹਾਂ ਅਤੇ ਸੇਵਾਵਾਂ ਵਿੱਚ 50 ਲੋਕ ਹਾਜ਼ਰ ਜਾਂ 50 ਪ੍ਰਤੀਸ਼ਤ ਫਾਇਰ ਕੋਡ ਸਮਰੱਥਾ ਜੋ ਵੀ ਘੱਟ ਹੋਣ ਤੱਕ ਸੀਮਤ ਹਨ।
- ਅੰਦਰੂਨੀ ਰਿਸੈਪਸ਼ਨ ਦੀ ਆਗਿਆ ਨਹੀਂ ਹੈ।
    - ਹੋਸਟਿੰਗ ਸਹੂਲਤ(ਸਮਾਗਮ ਸਥਾਨ) ਪਾਬੰਦੀਆਂ ਤੇ ਛੋਟ ਪ੍ਰੋਗਰਾਮ ਨੂੰ ਲਾਗੂ ਕਰਨ ਦੇ ਯੋਗ ਹੋ ਸਕਦੀ ਹੈ।
- ਵਿਆਹਾਂ ਅਤੇ ਅੰਤਿਮ ਸੰਸਕਾਰਾਂ ਲਈ ਸਾਰੇ ਬਾਹਰੀ ਸਮਾਰੋਹਾਂ ਅਤੇ ਸੇਵਾਵਾਂ ਨੂੰ 200 ਹਾਜ਼ਰ ਲੋਕਾਂ ਤੱਕ ਸੀਮਿਤ ਕੀਤਾ ਗਿਆ ਹੈ। ਬਾਹਰ ਆਯੋਜਿਤ ਰਿਸੈਪਸ਼ਨ ਲਈ ਸ਼ਰਾਬ ਦੀ ਵਿਕਰੀ ਅਤੇ ਖਪਤ ਦੀਆਂ ਪਾਬੰਦੀਆਂ ਦੀ ਪਾਲਣਾ ਜਰੂਰੀ ਹੈ(ਭਾਵ ਵਿਕਰੀ ਰਾਤ 10 ਵਜੇ ਖ਼ਤਮ ਹੁੰਦੀ ਹੈ ਅਤੇ ਖਪਤ ਰਾਤ 11 ਵਜੇ ਖ਼ਤਮ ਹੁੰਦੀ ਹੈ)।
    - ਹੋਸਟਿੰਗ ਸਹੂਲਤ ਪਾਬੰਦੀਆਂ ਤੋਂ ਛੋਟ ਪ੍ਰੋਗਰਾਮ ਨੂੰ ਲਾਗੂ ਕਰਨ ਦੇ ਯੋਗ ਹੋਵੇਗੀ।

## ਪ੍ਰਚੂਨ(ਰੀਟੇਲ), ਮਨੋਰੰਜਨ ਅਤੇ ਮਨੋਰੰਜਨ ਸਹੂਲਤਾਂ (ਕਿਸੇ ਵੀ ਅੰਦਰੂਨੀ ਸਥਾਨ, ਲਾਇਬ੍ਰੇਰੀਆਂ, ਕਾਨਫਰੰਸਾਂ, ਕਿਰਾਏ ਦੀਆਂ ਥਾਵਾਂ, ਸਮਾਰੋਹ, ਨਾਈਟ ਕਲੱਬ, ਕਸੀਨੋ ਅਤੇ ਇਸ ਸਮਾਨ ਅਦਾਰੇ ਸ਼ਾਮਲ ਹਨ):

- ਹਾਜ਼ਰੀ ਇੱਕ ਤਿਹਾਈ ਫਾਇਰ ਕੋਡ ਸਮਰੱਥਾ ਤੱਕ ਸੀਮਤ ਹੈ ਅਤੇ ਹਾਜ਼ਰ ਲੋਕਾਂ ਨੂੰ ਸਿਰਫ ਉਨ੍ਹਾਂ ਦੇ ਪਰਿਵਾਰ ਜਾਂ ਇਕੱਲੇ ਰਹਿਣ ਵਾਲੇ ਦੋ ਨਜ਼ਦੀਕੀ ਸੰਪਰਕਾਂ ਦੇ ਨਾਲ ਹਾਜ਼ਰ ਹੋਣ ਦੀ ਆਗਿਆ ਹੈ। ਹਾਜ਼ਰ ਲੋਕਾਂ ਲਈ ਮਾਸਕ ਪਾਉਣਾ ਜਰੂਰੀ ਹੈ ਅਤੇ ਦੋ ਘਰਾਂ ਦੇ ਜੀਆਂ ਵਿਚਕਾਰ ਦੋ ਮੀਟਰ ਦੀ ਸਰੀਰਕ ਦੂਰੀ ਹੋਣੀ ਚਾਹੀਦੀ ਹੈ।
    - ਇਹ ਸਹੂਲਤਾਂ ਪਾਬੰਦੀਆਂ ਤੋਂ ਛੋਟ ਪ੍ਰੋਗਰਾਮ ਨੂੰ ਲਾਗੂ ਕਰਨ ਦੇ ਯੋਗ ਹਨ।

## ਬਾਲਗ (18 ਸਾਲ ਤੋਂ ਵੱਧ) ਖੇਡਾਂ, ਫਿਟਨੈੱਸ, ਪ੍ਰਫਾਰਮੈਂਸ ਅਤੇ ਮਨੋਰੰਜਨ:

- ਅੰਦਰੂਨੀ ਗਤੀਵਿਧੀਆਂ:
    - ਇਨਡੋਰ ਗਰੁੱਪ ਕਲਾਸਾਂ ਜਾਂ ਗਤੀਵਿਧੀਆਂ ਦੀ ਆਗਿਆ ਨਹੀਂ ਹੈ।
    - ਕੇਵਲ ਇੱਕ ਵਿਅਕਤੀ ਲਈ ਟ੍ਰੇਨਿੰਗ ਜਾਂ ਵਰਕ ਆਊਟ(ਐਕਸਰਸਾਈਜ਼) ਦੀ ਆਗਿਆ ਹੈ ਪਰ ਤਿੰਨ-ਮੀਟਰ ਸਰੀਰਕ ਦੂਰੀ ਦੀ ਲੋੜ ਹੈ।
    - ਖਿਡਾਰੀਆਂ ਵਿਚਕਾਰ ਕੋਈ ਸੰਪਰਕ ਨਹੀਂ; ਅੰਦਰੂਨੀ ਮੁਕਾਬਲਿਆਂ ਤੇ ਰੋਕ ਲਘਾਈ ਗਈ ਹੈ, ਸਿਵਾਏ ਉਨ੍ਹਾਂ ਦੇ ਜਿੱਥੇ ਟੀਕਾ ਲੈ ਚੁੱਕੇ ਲੋਕਾਂ ਲਈ ਛੋਟ ਦਿੱਤੀ ਗਈ ਹੈ।
    - ਇਹ ਸਹੂਲਤਾਂ ਅਤੇ ਪ੍ਰੋਗਰਾਮ ਪਾਬੰਦੀਆਂ ਤੇ ਛੋਟ ਪ੍ਰੋਗਰਾਮ ਨੂੰ ਲਾਗੂ ਕਰਨ ਦੇ ਯੋਗ ਹਨ। ਹਰ ਕੇਸ ਦੇ ਆਧਾਰ ਤੇ ਵਿਸ਼ੇਸ਼ ਛੋਟਾਂ ਵੀ ਦਿੱਤੀਆਂ ਜਾ ਸਕਦੀਆਂ ਹਨ।
- ਬਾਹਰੀ ਗਤੀਵਿਧੀਆਂ ਤੇ ਕੋਈ ਪਾਬੰਦੀ ਨਹੀਂ ਹੈ।

# ਪਾਬੰਦੀਆਂ ਤੋਂ ਛੋਟ ਪ੍ਰੋਗਰਾਮ

- 20 ਸਤੰਬਰ ਤੋਂ ਸੂਬੇ ਭਰ ਵਿੱਚ ਟੀਕੇ ਲਈ ਯੋਗ ਵਿਅਕਤੀਆਂ ਨੂੰ ਵੱਖ-ਵੱਖ ਸਮਾਜਿਕ, ਮਨੋਰੰਜਕ ਅਤੇ ਵਲੰਟਰੀ ਸਮਾਗਮਾਂ ਅਤੇ ਕਾਰੋਬਾਰਾਂ ਵਿੱਚ ਜਾਣ ਲਈ ਵੈਕਸੀਨੇਸ਼ਨ ਦਾ ਸਰਕਾਰੀ ਸਬੂਤ ਜਾਂ ਪਿਛਲੇ 72 ਘੰਟਿਆਂ ਦੇ ਅੰਦਰ ਨਿਜੀ ਤੌਰ ਤੇ ਕਰਾਇਆ ਕੋਵਿਡ-19 ਦਾ ਨੈਗੇਟਿਵ ਟੈਸਟ ਰਿਪੋਰਟ ਦਿਖਾਉਣ ਦੀ ਲੋੜ ਪਵੇਗੀ।
- ਪ੍ਰੋਗਰਾਮ ਵਿੱਚ ਹਿੱਸਾ ਲੈ ਰਹੇ ਕੁਝ ਖਾਸ ਸਥਾਨਾਂ ਵਿੱਚ ਦਾਖਲ ਹੋਣ ਲਈ ਜਿਵੇ ਰੈਸਟੋਰੈਂਟ, ਬਾਰ ਅਤੇ ਅੰਦਰੂਨੀ ਆਯੋਜਿਤ ਸਮਾਗਮਾਂ ਸ਼ਾਮਲ ਹਨ ਲਈ 12 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਟੀਕਾਕਰਣ ਦੇ ਆਪਣੇ ਸਬੂਤ ਜਾਂ ਨੈਗੇਟਿਵ ਟੈਸਟ ਨਤੀਜੇ ਦਿਖਾਉਣ ਦੀ ਲੋੜ ਹੋਵੇਗੀ।
- ਉਹ ਕਾਰੋਬਾਰ ਜੋ ਪਾਬੰਦੀਆਂ ਤੋਂ ਛੋਟ ਪ੍ਰੋਗਰਾਮ ਨੂੰ ਲਾਗੂ ਕਰਦੇ ਹਨ ਉਹ ਆਮ ਵਾਂਗ ਕੰਮ ਕਰਨਗੇ ਪਰੰਤੂ ਉਹ ਉਨ੍ਹਾਂ ਲੋਕਾਂ ਨੂੰ ਹੀ ਸਰਵਿਸ ਦੇ ਸਕਦੇ ਹਨ ਜਿਨ੍ਹਾਂ ਕੋਲ ਟੀਕਾਕਰਣ ਦਾ ਸਬੂਤ ਜਾਂ ਪਿਛਲੇ 72 ਘੰਟਿਆਂ ਦੇ ਅੰਦਰ ਨਿਜੀ ਤੌਰ ਤੇ ਕਰਾਇਆ ਕੋਵਿਡ-19 ਦਾ ਨੈਗੇਟਿਵ ਟੈਸਟ ਰਿਪੋਰਟ ਹੈ। ਇਸਦਾ ਮਤਲਬ ਹੈ ਕਿ ਉਹ ਤੁਰੰਤ ਅਤੇ ਬਿਨਾਂ ਕਿਸੇ ਰੋਕ ਦੇ ਕਿਸੇ ਵੀ ਟੀਕਾਕਰਣ ਯੋਗ ਵਿਅਕਤੀ ਨੂੰ ਸਰਵ ਕਰ ਸਕਦੇ ਹਨ ਜੇ ਉਸ ਕੋਲ:
    - ਦੋਵੇਂ ਟੀਕੇ ਲੱਗੇ ਹੋਣ ਦਾ ਸਬੂਤ ਹੈ (ਬਦਲਾਅ ਸਮਾਂ20 ਸਤੰਬਰ ਅਤੇ 25 ਅਕਤੂਬਰ ਤੱਕ)ਅਤੇ ਇੱਕ ਖੁਰਾਕ ਦਾ ਸਬੂਤ ਸਵੀਕਾਰਯੋਗ ਮੰਨਿਆ ਜਾਵੇਗਾ ਜਦੋਂ ਤੱਕ ਖੁਰਾਕ ਸੇਵਾ ਦੇ ਸਮੇਂ ਤੋਂ ਦੋ ਹਫ਼ਤੇ ਜਾਂ ਇਸ ਤੋਂ ਪਹਿਲਾਂ ਲਈ ਗਈ ਸੀ)।
    - ਡਾਕਟਰੀ ਛੋਟ ਦੇ ਦਸਤਾਵੇਜ਼ ਹਨ।
    - ਜਿਸ ਕੋਲ ਪਿਛਲੇ 72 ਘੰਟਿਆਂ ਦੇ ਅੰਦਰ ਨਿਜੀ ਤੌਰ ਤੇ ਕਰਾਇਆ ਕੋਵਿਡ-19(ਪੀਸੀਆਰ ਜਾਂ ਰੈਪਿਡ ਟੈਸਟ) ਦਾ ਨੈਗੇਟਿਵ ਟੈਸਟ ਰਿਪੋਰਟ ਹੈ। ਇਹ ਟੈਸਟ ਅਲਬਰਟਾ ਹੈਲਥ ਸਰਵਿਸਿਜ਼ ਜਾਂ ਅਲਬਰਟਾ ਪ੍ਰਿਸਿਜ਼ਨ ਲੈਬਾਰਟਰੀਜ਼ ਤੋਂ ਕਰਾਉਣਾ ਲਾਜ਼ਮੀ ਨਹੀਂ ਹੈ।
    - 12 ਸਾਲ ਤੋਂ ਘੱਟ ਉਮਰ ਦੇ ਲੋਕਾਂ ਨੂੰ ਭਾਗ ਲੈਣ ਵਾਲੇ ਕਾਰੋਬਾਰ ਵਿੱਚ ਦਾਖਲ ਹੋਣ ਲਈ ਟੀਕਾਕਰਣ ਦਾ ਪ੍ਰਮਾਣ ਜਾਂ ਨੈਗੇਟਿਵ ਟੈਸਟ ਦਿਖਾਉਣ ਦੀ ਜ਼ਰੂਰਤ ਨਹੀਂ ਹੋਏਗੀ।
    - ਇਹ ਪ੍ਰੋਗਰਾਮ ਉਨ੍ਹਾਂ ਕਾਰੋਬਾਰਾਂ ਜਾਂ ਸੰਸਥਾਵਾਂ ਤੇ ਲਾਗੂ ਨਹੀਂ ਹੋਵੇਗਾ ਜਿੰਨਾ ਦੀ ਰੋਜ਼ ਮੱਰਾ ਦੀਆਂ ਵਸਤਾਂ ਲਈ ਲੋੜ ਹੈ। ।
- ਅਲਬਰਟਨਜ਼ ਮਾਈਹੈਲਥ ਰਿਕਾਰਡਸ ਤੋਂ ਆਪਣੇ ਕੋਵਿਡ-19 ਵੈਕਸੀਨੇਸ਼ਨ ਰਿਕਾਰਡ ਦੀਆਂ ਕਾਪੀਆਂ ਲੈ ਸਕਦੇ ਹਨ। ਇਸ ਸਮੇ ਅਲਬਰਟਨਜ਼ ਆਪਣੇ ਰਿਕਾਰਡਾਂ ਨੂੰ ਡਾਉਨਲੋਡ ਕਰਨ ਲਈ ਮਾਈਹੈਲਥ ਰਿਕਾਰਡਸ ਵਿੱਚ ਲੌਗਇਨ ਨਾਂ ਕਰਨ ਕਿਉਂਕਿ ਛਪਣਯੋਗ ਕਾਰਡ ਹੁਣ 16 ਸਤੰਬਰ ਦੀ ਬਜਾਏ 19 ਸਤੰਬਰ ਨੂੰ ਉਪਲਬਧ ਹੋਣਗੇ।

# ਪੂਰੀ ਤਰ੍ਹਾਂ ਵੈਕਸੀਨੇਟ ਹੋਵੋ

79.5 ਪ੍ਰਤੀਸ਼ਤ ਤੋਂ ਵੱਧ ਯੋਗ ਅਲਬਰਟਨਜ਼ ਹੁਣ ਕੋਵਿਡ-19 ਦੇ ਟੀਕੇ ਦੀ ਘੱਟੋ ਘੱਟ ਇੱਕ ਖੁਰਾਕ ਨਾਲ ਸੁਰੱਖਿਅਤ ਹਨ ਅਤੇ 71.4 ਪ੍ਰਤੀਸ਼ਤ ਪੂਰੀ ਤਰ੍ਹਾਂ ਵੈਕਸੀਨੇਟਿਡ ਹਨ। ਟੀਕੇ ਪ੍ਰਭਾਵਸ਼ਾਲੀ ਤਰੀਕੇ ਨਾਲ ਗੰਭੀਰ ਨਤੀਜਿਆਂ ਦੇ ਖਤਰੇ ਅਤੇ ਬਿਮਾਰੀ ਫੈਲਣ ਦੇ ਖਤਰੇ ਨੂੰ ਘਟਾਉਂਦੇ ਹਨ।

ਕੋਵਿਡ-19 ਵਿਰੁੱਧ ਲੜਾਈ ਵਿੱਚ ਟੀਕੇ ਸਭ ਤੋਂ ਸ਼ਕਤੀਸ਼ਾਲੀ ਸਾਧਨ ਹਨ। ਟੀਕੇ ਦੀ ਬੁਕਿੰਗ ਏਐਚਐਸ ਜਾਂ ਭਾਗ ਲੈਣ ਵਾਲੀਆਂ ਫਾਰਮੇਸੀਆਂ ਅਤੇ ਡਾਕਟਰਾਂ ਦੇ ਕਲੀਨਿਕਾਂ ਦੁਆਰਾ ਅਸਾਨੀ ਨਾਲ ਉਪਲਬਧ ਹਨ। alberta.ca/vaccine ਤੇ ਆਪਣੀ ਵੈਕਸੀਨ ਬੁੱਕ ਕਰੋ। ਪਹਿਲੀ ਖੁਰਾਕ ਕੁਝ ਚੁਣੇ ਹੋਏ ਵਾਕ-ਇਨ ਕਲੀਨਿਕਾਂ ਤੇ ਵੀ ਉਪਲਬਧ ਹੈ। ਦੋ ਖੁਰਾਕਾਂ ਵੱਧ ਪ੍ਰਭਾਵ ਅਤੇ ਲੰਮੇ ਸਮੇਂ ਦੀ ਸੁਰੱਖਿਆ ਪ੍ਰਦਾਨ ਕਰਦੀਆਂ ਹਨ।

## ਸਬੰਧਿਤ ਜਾਣਕਾਰੀ

- COVID-19 information for Albertans

## ਮਲਟੀਮੀਡੀਆ

- Watch the news conference

## ਮੀਡੀਆ ਪੁੱਛਗਿੱਛ

**Harrison Fleming**
780-984-3543
ਐਕਟਿੰਗ ਪ੍ਰੈਸ ਸੈਕਟਰੀ, ਪ੍ਰੀਮੀਅਰ ਦਫਤਰ

**Steve Buick**
780-288-1735
ਸੀਨੀਅਰ ਪ੍ਰੈਸ ਸੈਕਟਰੀ, ਹੈਲਥ

View this announcement online
Government of Alberta newsroom
Contact government
Unsubscribe